WCB FACTS 2024

# ਘਾਤਕ ਰੂਪ ਵਿੱਚ ਜ਼ਖਮੀ ਹੋਏ ਕਾਮਿਆਂ ਤੇ ਮੁਥਾਜ ਪਰਿਵਾਰਕ ਸਦੱਸਾਂ ਲਈ ਭੱਤੇ

**ਜੇ ਮੇਰੇ ਪਤੀ ਜਾਂ ਕਾਮਨ-ਲਾਅ ਪਾਰਟਨਰ ਦੀ ਕੰਮ ਦੀ ਥਾਂ ਤੇ ਸੱਟ ਲੱਗਣ ਦੇ ਨਤੀਜੇ ਵਜੋਂ ਮੌਤ ਹੋ ਜਾਂਦੀ ਹੈ ਤਾਂ ਮੈਂ ਵਰਕਰਜ਼ ਕਮਪਨਸੇਸ਼ਨ ਫਾਇਦੀਆਂ ਲਈ ਦਾਅਵਾ ਕਿਵੇਂ ਕਰਾਂ?**

ਤੁਹਾਨੂੰ ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB) ਕੋਲ ਮੌਤ ਦੇ ਇੱਕ ਸਾਲ ਦੇ ਅੰਦਰ ਇੱਕ ਦਾਅਵਾ ਫਾਈਲ ਕਰਨਾ ਚਾਹੀਦਾ ਹੈ।

**ਜੇਕਰ ਦਾਵਾ ਮੰਜੂਰ ਹੋ ਜਾਵੇ ਤਾਂ, ਮੈਂ ਕਿਹੜੇ ਵਰਕਰਜ਼ ਕਮਪਨਸੇਸ਼ਨ ਫਾਇਦੀਆਂ ਦਾ/ਦੀ ਹੱਕਦਾਰ ਹਾਂ?**

ਜੇਕਰ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਇੱਕ ਨਿਰਭਰ ਸਾਥੀ ਵਜੋਂ ਜਾਂ ਕਾਮਨ-ਲਾਅ ਪਾਰਟਨਰ ਵਜੋਂ, ਤੁਸੀਂ ਹੇਠ ਲਿਖੀਆਂ ਚੀਜ਼ਾਂ ਦੇ ਹੱਕਦਾਰ ਹੋ ਸਕਦੇ ਹੋ (ਡਾਲਰ ਰਕਮ 2024 ਵਿੱਚ ਹੋਈਆਂ ਮੌਤਾਂ ਨੂੰ ਦਰਸਾਉਂਦੀ ਹੈ):

- $98,130 ਦਾ ਇੱਕ-ਮੁਸ਼ਤ ਭੁਗਤਾਨ ਜਿਸਨੂੰ WCB ਰਾਹੀਂ ਪ੍ਰਸ਼ਾਸਿਤ ਇੱਕ ਸਾਲਾਨਾ ਭੱਤੇ (ਨਿਯਮਕ ਮਾਸਿਕ ਭੁਗਤਾਨ) ਵਿੱਚ ਵੀ ਤਬਦੀਲ ਕੀਤਾ ਜਾ ਸਕਦਾ ਹੈ
- ਜਿਆਦਾਤਰ ਹਾਲਾਤਾਂ ਵਿੱਚ, ਮਾਸਿਕ ਭੁਗਤਾਨ ਮਰਨ ਵਾਲੇ ਵਿਅਕਤੀ ਦੇ ਮਰਨ ਤੋਂ ਪਹਿਲਾਂ (ਕਿਸੇ ਹੋਰ ਨਿਰਭਰ ਵਿਅਕਤੀ, ਜਿਵੇਂ ਕਿ ਬੱਚੇ, ਨੂੰ ਭੁਗਤਾਨ ਯੋਗ ਰਕਮ ਘਟਾ ਕੇ) ਉਸਦੀ ਔਸਤ ਆਮਦਨੀ ਦੇ 90% ਦੇ ਬਰਾਬਰ ਹੁੰਦਾ ਹੈ ਜੋ ਪੰਜ ਸਾਲ ਦੇ ਸਮੇਂ ਲਈ ਮਿਲਦਾ ਜਾਂ ਜਦ ਤੱਕ ਸੱਭ ਤੋਂ ਛੋਟਾ ਬੱਚਾ 18 ਸਾਲ ਦਾ ਨਹੀਂ ਹੋ ਜਾਂਦਾ ਉਦੋਂ ਤੱਕ ਮਿਲਦਾ ਹੈ (60 ਸਾਲਾਂ ਤੋਂ ਵੱਧ ਉਮਰ ਦੇ ਪਤੀ ਪਤਨੀਆਂ ਜਾਂ ਕਾਮਨ-ਲਾਅ ਪਾਰਟਨਰ ਦੇ ਲਈ ਖਾਸ ਪ੍ਰਾਵਧਾਨ ਲਾਗੂ ਹੁੰਦੇ ਹਨ)
- WCB ਤੁਹਾਨੂੰ ਵਿਵਸਾਇਕ ਪੁਨਰਵਾਸ ਸੇਵਾਵਾਂ ਪ੍ਰਦਾਨ ਕਰੇਗੀ ਤਾਂਕਿ ਤੁਹਾਡੀ ਕਾਮਿਆਂ ਦੀ ਸੰਖਿਆ ਵਿੱਚ ਵਾਪਸੀ, ਆਤਮ ਨਿਰਭਰ ਬਣਨ, ਜਾਂ ਤੁਹਾਡੀ ਆਤਮ ਨਿਰਭਰ ਬਣਨ ਲਈ ਕਾਮਿਆਂ ਦੀ ਸੰਖਿਆ ਵਿੱਚ ਵਾਪਸੀ ਵਿੱਚ ਭਾਗੀਦਾਰੀ ਵਿੱਚ ਮਦਦ ਕੀਤੀ ਜਾਵੇ।

ਇਸ ਤੋਂ ਇਲਾਵਾ, ਤੁਸੀਂ ਜਾਂ ਕਾਮੇ ਦੀ ਜਾਇਦਾਦ ਖਰਚਿਆਂ ਵਿੱਚ ਮਦਦ ਲਈ ਇੱਕ ਤੁਰੰਤ ਮਿਲਣ ਵਾਲੇ $15,100 ਦੇ ਭੁਗਤਾਨ ਦੀ ਵੀ ਹੱਕਦਾਰ ਹੁੰਦੀ ਹੈ।

**ਕੀ ਮੇਰੇ ਬੱਚੇ WCB ਦੇ ਫਾਇਦੀਆਂ ਲਈ ਹੱਕਦਾਰ ਹਨ?**

ਜੇਕਰ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ, ਹਰੇਕ ਬੱਚੇ ਨੂੰ 18 ਸਾਲ ਦੀ ਉਮਰ ਤੱਕ ਮਹੀਨੇ ਵਿੱਚ $540 ਦੀ ਰਾਸ਼ੀ ਦਿੱਤੀ ਜਾਵੇਗੀ। ਇਸਦੇ ਇਲਾਵਾ, ਮਾਸਿਕ ਭੁਗਤਾਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਉਹਨਾਂ ਨਿਰਭਰ ਬੱਚਿਆਂ ਨੂੰ ਵੀ ਕੀਤਾ ਜਾ ਸਕਦਾ ਹੈ ਜੋ ਆਪਣੀ ਸਿੱਖਿਆ ਨੂੰ ਜਾਰੀ ਰੱਖ ਰਿਹਾ ਹੈ।

ਸ਼ਬਦ "ਬੱਚਾ" ਵਿੱਚ ਵਿੱਚ ਕਾਮੇ ਤੇ ਨਿਰਭਰ ਸਾਰੇ ਬੱਚੇ ਸ਼ਾਮਿਲ ਹਨ ਅਤੇ ਅਤੇ ਓਹ ਸਾਰੇ ਬੱਚੇ ਵੀ ਸ਼ਾਮਿਲ ਹਨ ਜਿਹਨਾਂ ਲਈ ਕਾਮਾ ਪਿਤਾ ਜਾਂ ਮਾਤਾ ਦਾ ਫਰਜ਼ ਨਿਭਾ ਰਿਹਾ ਸੀ (ਜਿਵੇਂ ਕਿ ਸੌਤੇਲੇ ਮਾਂ ਜਾਂ ਬਾਪ ਵਜੋਂ)।

**ਜੇ ਦੂਜੇ ਨਿਰਭਰ ਵਿਅਕਤੀਆਂ ਨੂੰ ਫਾਇਦੀਆਂ ਦਾ ਭੁਗਤਾਨ ਕੀਤਾ ਜਾਂਦਾ ਹੈ ਤਾਂ ਕੀ ਮੇਰੇ ਫਾਇਦੇ ਬਦਲ ਜਾਣਗੇ?**

ਹਾਂ। ਸਾਰੇ ਨਿਰਭਰ ਵਿਅਕਤੀਆਂ ਨੂੰ ਕੀਤੇ ਜਾਣ ਵਾਲੀ ਪੈਨਸ਼ਨ ਦੇ ਭੁਗਤਾਨ ਦੀ ਕੁੱਲ ਰਾਸ਼ੀ ਮੌਤ ਤੋਂ ਪਹਿਲਾਂ ਕਾਮੇ ਦੀ ਔਸਤ ਆਮਦਨੀ ਦੇ 90% ਤੋਂ ਵੱਧ ਨਹੀਂ ਹੋਣੀ ਚਾਹੀਦੀ। WCB, ਕਰਮਚਾਰੀ ਦੀ ਅਧਿਕਤਮ $160,510 ਤੱਕ ਦੀ ਕਮਾਈ ਦਾ ਬੀਮਾ ਕਰਦਾ ਹੈ। ਜਿੱਥੇ ਵੀ ਨਿਰਭਰ ਬੱਚੇ ਹੋਣ, ਤਾਂ ਪਤੀ ਪਤਨੀ ਜਾਂ ਕਾਮਨ-ਲਾਅ ਪਾਰਟਨਰ ਲਈ ਮਾਸਿਕ ਭੁਗਤਾਨ ਬੱਚਿਆਂ ਦੀ ਉਮਰ ਦੇ ਅਧਾਰ ਤੇ ਬਦਲ ਸਕਦਾ ਹੈ।

**ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਫਾਇਦੀਆਂ ਲਈ ਕੌਣ ਯੋਗ ਹੈ?**

ਕਿਸੇ ਨਿਰਭਰ ਵਿੱਚ ਆਮ ਤੌਰ ‘ਤੇ ਕਿਸੇ ਕਰਮਚਾਰੀ ਦੇ ਪਰਿਵਾਰ ਦੇ ਉਹ ਮੈਂਬਰ ਸ਼ਾਮਲ ਹੁੰਦੇ ਹਨ ਜੋ ਉਸਦੀ ਮੌਤ ਦੇ ਸਮੇਂ ਕਰਮਚਾਰੀ ਦੀ ਕਮਾਈ ‘ਤੇ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ‘ਤੇ ਨਿਰਭਰ ਸਨ। ਨਿਰਭਰ ਵਿਅਕਤੀਆਂ ਵਿੱਚ ਸ਼ਾਮਲ ਹੋ ਸਕਦੇ ਹਨ:

- ਇੱਕ ਪਤੀ ਜਾਂ ਪਤਨੀ ਜੋ ਕਾਮੇ ਦੀ ਮੌਤ ਦੇ ਸਮੇਂ ਉਸ ਦੇ ਨਾਲ ਰਹ ਰਿਹਾ (ਰਹੀ) ਸੀ
- ਇੱਕ ਕਾਮਨ-ਲਾਅ ਪਾਰਟਨਰ ਜੋ ਕਿ *ਵਾਇਟਲ ਸਟੈਟਿਸਟਿਕ ਐਕਟ (The Vital Statistics Act)* ਦੇ ਅਧੀਨ ਪੰਜੀਕ੍ਰਿਤ ਹੋਵੇ ਅਤੇ ਕਾਮੇ ਦੀ ਮੌਤ ਤੋਂ ਪਹਿਲਾਂ ਉਸਦੇ ਨਾਲ ਰਹ ਰਿਹਾ ਸੀ ਜਾਂ ਕਾਮੇ ਨਾਲ ਕਾਮੇ ਦੀ ਮੌਤ ਤੋਂ ਪਹਿਲਾਂ ਘੱਟ ਤੋਂ ਘੱਟ ਤਿੰਨ ਸਾਲ ਲਈ ਇੱਕ ਵਿਆਹ ਵਰਗੇ ਰਿਸ਼ਤੇ ਵਿੱਚ ਰਹ ਰਿਹਾ ਸੀ (ਤਿੰਨ ਸਾਲ ਦਾ ਸਮਾਂ ਇੱਕ ਸਾਲ ਵਿੱਚ ਘਟਾ ਦਿੱਤਾ ਜਾਂਦਾ ਹੈ ਜੇ ਤੁਸੀਂ ਅਤੇ ਮ੍ਰਿਤਕ ਕਾਮੇ ਬੱਚੇ ਦੇ ਮਾਂ ਬਾਪ ਹੋ)
- 18 ਸਾਲ ਦੀ ਉਮਰ ਤੋਂ ਘੱਟ ਉਮਰ ਦੇ ਬੱਚੇ
- 18 ਸਾਲ ਦੀ ਉਮਰ ਦੇ ਬੱਚੇ ਜੋ ਸਕੂਲ ਜਾ ਰਹੇ ਹਨ
- ਉਹ ਬੱਚੇ ਜੋ ਮਾਨਸਿਕ ਤੌਰ ਤੇ ਜਾਂ ਸਰੀਰਕ ਤੌਰ ਤੇ ਆਮਦਨੀ ਕਰਨ ਵਿੱਚ ਅਸਮਰਥ ਹਨ, ਜਦੋਂ ਤੱਕ ਉਹ ਓਲਡ ਏਜ ਸਿਕੁਰਿਟੀ ਦੇ ਯੋਗ ਨਹੀ ਹੋ ਜਾਂਦੇ ਜਾਂ ਉਹ ਕਮਾਈ ਕਰਨ ਦੇ ਅਯੋਗ ਨਹੀਂ ਹਨ, ਜੋ ਵੀ ਪਹਿਲੇ ਹੁੰਦਾ ਹੋਵੇ
- ਪਹਿਲੇ ਦੇ ਜਾਂ ਵੱਖਰੇ ਹੋ ਚੁਕੇ ਪਤੀ ਜਾਂ ਪਤਨੀ ਜਾਂ ਪੁਰਾਣੇ ਕਾਮਨ-ਲਾਅ ਪਾਰਟਨਰ ਜੇ ਉਹ ਪਤੀ/ਪਤਨੀ ਦਾ ਸਹਿਯੋਗ ਪ੍ਰਾਪਤ ਕਰਨ ਦੇ ਹੱਕਦਾਰ ਸਨ।
- ਹੋਰ ਵਿਅਕਤੀ ਜੋ ਕਿ *ਕਰਮਚਾਰੀ ਮੁਆਵਜ਼ਾ ਐਕਟ (The Workers Compensation Act)* ਦੇ ਵਿੱਚ ‘ਨਿਰਭਰ ਵਿਅਕਤੀ’ ਦੇ ਹੇਠ ਆਉਂਦੇ ਹਨ।

**ਕੀ ਮੈਂ ਆਪਣੇ ਆਪ ਇੱਕ ਨਿਰਭਰ ਪਤੀ ਜਾਂ ਪਤਨੀ ਵਜੋਂ ਜਾਂ ਕਾਮਨ-ਲਾਅ ਪਾਰਟਨਰ ਵਜੋਂ ਮੌਤ ਦੇ ਦਾਅਵੇ ਨੂੰ ਫਾਈਲ ਕਰਾਂ?**

ਕਈ ਹਾਲਾਤਾਂ ਵਿੱਚ, ਕੰਮ ਦੀ ਥਾਂ 'ਤੇ ਮੌਤ ਹੋਣ ਦੇ ਮਾਮਲੇ ਵਿੱਚ ਰੁਜ਼ਗਾਰਦਾਤਾ ਜਾਂ ਪ੍ਰੋਵਿਨਸ਼ੀਅਲ ਡਿਪਾਰਟਮੇਂਟ ਆਫ਼ ਲੇਬਰ ਏਂਡ ਇਮਮੀਗ੍ਰੇਸ਼ਨ ਦੀ ਵਰਕਪਲੇਸ ਸੇਫਟੀ ਏਂਡ ਹੈਲਥ ਡਿਵੀਜ਼ਨ WCB ਨੂੰ ਇਤਲਾਹ ਕਰਦੇ ਹਨ। ਪਰ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣਾ ਦਾਅਵਾ ਕਰਨ ਲਈ WCB ਨੂੰ ਕਾਲ ਕਰੋ, ਕਿਉਂਕਿ ਫਾਇਦੇ ਸਿਰਫ ਉਦੋਂ ਹੀ ਦਿੱਤੇ ਜਾ ਸਕਦੇ ਨੇ ਜਦੋਂ ਦਾਅਵਾ ਦਾਇਰ ਕੀਤਾ ਹੋਵੇ। ਦਾਅਵੇ ਦਾ ਫਾਰਮ ਤੁਹਾਨੂੰ ਉੱਸੇ ਸਮੇਂ ਹੀ ਭੇਜ ਦਿੱਤਾ ਜਾਵੇਗਾ। ਜੇ ਜ਼ਰੂਰੀ ਹੋਵੇ ਤਾਂ ਅਸੀਂ ਫਾਰਮ ਭਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

**WCB ਨੂੰ ਮੇਰਾ ਦਾਅਵਾ ਪ੍ਰੋਸੇਸ ਕਰਨ ਲਈ ਕਿਹੜੀ ਜਾਣਕਾਰੀ ਦੀ ਜਰੂਰਤ ਪਵੇਗੀ?**

- ਨਿਰਭਰ ਪਤੀ ਜਾਂ ਪਤਨੀ ਦਾ ਵਿਆਹ ਦਾ ਪ੍ਰਮਾਣ ਪੱਤਰ ਅਤੇ ਜਨਮ ਦਾ ਪ੍ਰਮਾਣ ਪੱਤਰ
- ਕਿਸੇ ਨਿਰਭਰ ਕਾਮਨ-ਲਾਅ ਪਾਰਟਨਰ ਨੂੰ ਜਨਮ ਦਾ ਪ੍ਰਮਾਣ ਪੱਤਰ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ ਅਤੇ:
  a) ਇੱਕ *ਵਾਈਟਲ ਸਟੈਟਿਸਟਿਕ ਐਕਟ (The Vital Statistics Act)* ਅਧੀਨ ਤੁਹਾਡੇ ਕਾਮਨ-ਲਾਅ ਰਿਸ਼ਤੇ ਦੇ ਪੰਜੀਕਰਣ ਦਾ ਪ੍ਰਮਾਣ ਪੱਤਰ, ਜਾਂ
  b) ਤੁਹਾਡੇ ਮ੍ਰਿਤਕ ਨਾਲ ਇਕੱਠੇ ਰਹਿਣ ਦਾ ਸਬੂਤ
- ਮ੍ਰਿਤਕ ਕਾਮੇ ਦਾ ਜਨਮ ਦਾ ਪ੍ਰਮਾਣ ਪੱਤਰ
- ਜਿੱਥੇ ਲੋੜ ਹੋਵੇ, ਸਕੂਲ ਤੋਂ ਇੱਕ ਸਟੇਟਮੈਂਟ ਜਿਸ ਨਾਲ 18 ਸਾਲ ਦੀ ਉਮਰ ਜਾਂ ਉਸ ਤੋਂ ਵੱਧ ਉਮਰ ਦੇ ਬੱਚੇ ਲਈ ਬੱਚੇ ਦੀ ਹਾਜਰੀ ਦਾ ਪਤਾ ਲਾਇਆ ਜਾ ਸਕੇ
- ਨਿਰਭਰ ਬੱਚੇ ਦਾ ਜਨਮ ਪ੍ਰਮਾਨ ਪੱਤਰ
- ਇੱਕ ਅਲਗਾਵ ਸਮਝੌਤਾ ਜਾਂ ਅਦਾਲਤ ਦੇ ਆਦੇਸ਼ ਜੇ ਲਾਗੂ ਹੁੰਦੇ ਹਨ।

ਸਾਰੇ ਮਾਮਲਿਆਂ ਵਿੱਚ, ਜਨਮ ਪ੍ਰਮਾਣ ਪੱਤਰ ਦੇ ਨਾ ਹੋਣ ਦੀ ਸਥਿਤੀ ਵਿੱਚ ਬਪਤਿਸਮਾ ਪ੍ਰਮਾਣ ਪੱਤਰ ਵੀ ਕਾਫੀ ਹੈ। ਕਈ ਹਾਲਾਤਾਂ ਵਿੱਚ, ਸ਼ਪਥ ਜਾਂ ਪੱਕੀ ਸਟੇਟਮੈਂਟ ਜਾਂ ਵਧੇਰੀ ਪੁੱਛਗਿਛ ਵੀ ਜ਼ਰੂਰੀ ਹੋ ਸਕਦੀ ਹੈ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ WCB* ਦੀਆਂ ਨੀਤੀਆਂ *ਦੇਖੋ।* ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।